ਨੰ: 6/21/2001/6ਪੀਪੀ3/445461/1

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀਪੀ3 ਸ਼ਾਖਾ)

ਸੇਵਾ ਵਿਖੇ

ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ,ਪੰਜਾਬ ਅਤੇ ਹਰਿਆਣਾ ਹਾਈਕੋਰਟ,
ਰਾਜ ਦੇ ਸਾਰੇ ਡਵੀਜਨਾਂ ਦੇ ਕਮਿਸ਼ਨਰ,
ਜਿਲਿਆਂ ਦੇ ਡਿਪਟੀ ਕਮਿਸ਼ਨਰ ਅਤੇ ਉਪ ਮੰਡਲ ਅਫਸਰ (ਸਿਵਲ)

ਮਿਤੀ,ਚੰਡੀਗੜ੍ਹ 24-03-2015

ਵਿਸ਼ਾ:- ਸਰਕਾਰੀ ਕਰਮਚਾਰੀਆਂ ਲਈ ਸਵੈ-ਰੋਜ਼ਗਾਰ ਦੇ ਉਦੇਸ਼ ਨਾਲ 5 ਸਾਲ ਦੀ ਵਿਸ਼ੇਸ਼ ਛੁੱਟੀ ਦੇਣ ਸਬੰਧੀ ਜਾਰੀ ਕੀਤੀਆਂ ਹਦਾਇਤਾਂ (ਸਮੇਤ ਸਪਸ਼ਟੀਕਰਨ) ਵਾਪਿਸ ਲੈਣ ਬਾਰੇ।

****

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਹਦਾਇਤ ਹੋਈ ਹੈ ਕਿ ਮੈਂ ਆਪ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਂਦੇ ਹੋਏ ਆਪ ਨੂੰ ਸੂਚਿਤ ਕਰਾਂ ਕਿ ਸਰਕਾਰੀ ਕਰਮਚਾਰੀਆਂ ਲਈ ਸਵੈ-ਰੋਜ਼ਗਾਰ ਦੇ ਉਦੇਸ਼ ਨਾਲ 5 ਸਾਲ ਦੀ ਵਿਸ਼ੇਸ਼ ਛੁੱਟੀ ਦਾ ਉਪਬੰਧ ਕਰਨ ਸਬੰਧੀ ਜਾਰੀ ਮੁੱਖ ਹਦਾਇਤਾਂ ਨੰ: 6/21/2001-6ਪੀਪੀ3/5108, ਮਿਤੀ 8.5.2002 ਅਤੇ ਇਸ ਉਪਰੰਤ ਜਾਰੀ ਸਪੱਸ਼ਟੀਕਰਨ (Clarifications) ਨੰ: 6/33/ 2004-6ਪੀਪੀ3/7658, ਮਿਤੀ 10.6.2005, ਨੰ:6/21/2001-6ਪੀਪੀ3/11545 ਮਿਤੀ 10.8.2006, ਨੰ: 6/18/2007-6ਪੀਪੀ3/11883 ਮਿਤੀ 16.8.2007, ਨੰ: 6/12/2007-6ਪੀਪੀ3/1690 ਮਿਤੀ 28.1.2008 ਅਤੇ ਨੰ: 6/33/2010-6ਪੀਪੀ3/ 1442 ਮਿਤੀ 21.9.2011 ਤੁਰੰਤ ਪ੍ਰਭਾਵ ਤੋਂ ਵਾਪਿਸ ਲਈਆਂ ਜਾਂਦੀਆਂ ਹਨ।

2. ਜਿਹੜੇ ਅਧਿਕਾਰੀ/ਕਰਮਚਾਰੀ ਸਵੈ-ਰੋਜ਼ਗਾਰ ਦੀ ਛੁੱਟੀ ਤੇ ਪਹਿਲਾਂ ਹੀ ਹਨ ਉਨ੍ਹਾਂ ਤੇ ਇਨ੍ਹਾਂ ਹਦਾਇਤਾਂ ਦਾ ਕੋਈ ਅਸਰ ਨਹੀ ਹੋਵੇਗਾ, ਲੇਕਿਨ ਛੁੱਟੀ ਉਪਰੰਤ ਹੋਰ ਕੋਈ ਵਾਧਾ ਨਹੀ ਦਿੱਤਾ ਜਾਵੇਗਾ।

3. ਇਹ ਹਦਾਇਤਾਂ ਆਪਣੇ ਅਧੀਨ ਸਮੂਹ ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

ਆਪ ਜੀ ਦਾ ਵਿਸ਼ਵਾਸਪਾਤਰ

(ਮਹਿੰਦਰ ਸਿੰਘ ਪਰਾਸਰ)
ਅਧੀਨ ਸਕੱਤਰ ਪ੍ਰਸੋਨਲ